## ਕਿਉਂ ਐਸਬੀਆਈ ਲਾਈਫ਼ – ਨਿਊ ਸਮਾਰਟ ਸਮ੍ਰਿੱਧੀ?

ਐਸਬੀਆਈ ਲਾਈਫ਼ – ਨਿਊ ਸਮਾਰਟ ਸਮ੍ਰਿੱਧੀ ਦੇ ਨਾਲ ਪਾਓ ਇਕ ਅਜਿਹਾ ਹੱਲ ਜੋ ਤੁਹਾਨੂੰ ਦਿੰਦਾ ਹੈ ਗਾਰੰਟੀਸ਼ੁਦਾ ਵਾਧੇ, ਜਿਹਨਾਂ ਸਦਕਾ ਤੁਸੀਂ ਆਪਣੇ ਆਪਣਿਆਂ ਲਈ ਲਾਭ ਕਮਾ ਸਕਦੇ ਹੋ। ਇਸ ਉਤਪਾਦ ਲਈ ਨਾਮਾਂਕਣ ਕਰਨਾ ਸੌਖਾ ਹੈ ਅਤੇ ਇਸ ਤੇ ਕਾਰਵਾਈ ਛੇਤੀ ਹੁੰਦੀ ਹੈ, ਤਾਂ ਜੋ ਤੁਹਾਡਾ ਪਰਿਵਾਰ ਰਹੇ ਆਰਥਿਕ ਤੌਰ ਤੇ ਸੁਰੱਖਿਅਤ। ਐਸਬੀਆਈ ਲਾਈਫ਼ – ਨਿਊ ਸਮਾਰਟ ਸਮ੍ਰਿੱਧੀ ਇਕ ਵਿਅਕਤੀਗਤ, ਨੌਨ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

## ਮੁੱਖ ਖ਼ੂਬੀਆਂ

**ਸੁਰੱਖਿਆ :** ਪਾਲਸੀ ਦੀ ਪੂਰੀ ਮਿਆਦ ਦੌਰਾਨ ਜੀਵਨ ਬੀਮਾ ਸੁਰੱਖਿਆ।

**ਗਾਰੰਟੀਸ਼ੁਦਾ ਵਾਧਿਆਂ^ ਰਾਹੀਂ ਬਚਤ :** ਪਰਿਪੱਕਤਾ ਲਾਭ ਦੇ ਰੂਪ ਵਿੱਚ ਭਰੇ ਗਏ ਵਾਰਸ਼ੀਕ੍ਰਿਤ# ਪ੍ਰੀਮੀਅਮਾਂ ਦੀ ਰਕਮ ਦਾ 155% ਤੋਂ 173% ਤਕ ਪਾਓ, ਜੋ ਉਮਰ ਅਤੇ ਚੁਣੇ ਗਏ ਵਾਰਸ਼ੀਕ੍ਰਿਤ# ਪ੍ਰੀਮੀਅਮ ਉੱਤੇ ਨਿਰਭਰ ਕਰੇਗਾ।

**ਪ੍ਰੀਮੀਅਮ ਭਰਨ ਦੀ ਸੀਮਤ ਮਿਆਦ :** ਸਿਰਫ਼ 7 ਸਾਲਾਂ ਤਕ ਪ੍ਰੀਮੀਅਮ ਭਰੋ ਅਤੇ 15 ਸਾਲਾਂ ਦੀ ਪਾਲਸੀ ਦੀ ਪੂਰੀ ਮਿਆਦ ਦੌਰਾਨ ਲਾਭ ਦਾ ਆਨੰਦ ਮਾਣੋ।

**ਪ੍ਰੀਮੀਅਮ ਭਰਨ ਦੀ ਸਹੂਲਤ :** ਪ੍ਰੀਮੀਅਮ ਭਰਨ ਦੇ ਸਾਲਾਨਾ ਜਾਂ ਮਾਸਿਕ ਵਕਫ਼ੇ ਵਿੱਚੋਂ ਚੁਣੋ।

**ਕਰ ਲਾਭ** :** ਆਮਦਨੀ ਕਰ ਕਾਨੂੰਨ 1961 ਦੇ ਅਧੀਨ ਪ੍ਰਚਲਿਤ ਮਾਪਦੰਡਾਂ ਦੇ ਅਨੁਸਾਰ।

**ਕਰ ਲਾਭ, ਇਨਕਮ ਟੈਕਸ ਕਾਨੂੰਨਾਂ ਦੀਆਂ ਧਾਰਾਵਾਂ ਦੇ ਅਨੁਸਾਰ ਹਨ ਅਤੇ ਸਮੇਂ-ਸਮੇਂ ਅਨੁਸਾਰ ਬਦਲ ਸਕਦੇ ਹਨ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਆਪਣੇ ਕਰ ਸਲਾਹਕਾਰ ਨਾਲ ਸਲਾਹ-ਮਸ਼ਵਰਾ ਕਰ ਲਓ।

## ^ਗਾਰੰਟੀਸ਼ੁਦਾ ਵਾਧੇ

ਗਾਰੰਟੀਸ਼ੁਦਾ ਵਾਧੇ ਚਾਲੂ ਪਾਲਸੀਆਂ ਲਈ, ਸਰਲ ਦਰ ਤੇ, ਹਰ ਪਾਲਸੀ ਸਾਲ ਦੇ ਅੰਤ ਤੇ ਭਰੇ ਗਏ ਸੰਚਿਤ ਪ੍ਰੀਮੀਅਮਾਂ ਤੇ ਲਾਗੂ ਹੋਣਗੇ, ਜੋ ਪਾਲਸੀਧਾਰਕ ਦੁਆਰਾ ਉਸ ਮਿਤੀ ਤਕ ਭਰੇ ਗਏ ਪ੍ਰੀਮੀਅਮਾਂ ਦਾ ਕੁੱਲ ਜੋੜ ਹੈ, ਜਿਸ ਵਿੱਚ ਲਾਗੂ ਕਰ, ਅੰਡਰਰਾਈਟਿੰਗ ਵਾਧੂ ਪ੍ਰੀਮੀਅਮ ਅਤੇ ਮੋਡਲ ਪ੍ਰੀਮੀਅਮ ਲਈ ਲੋਡਿੰਗ, ਜੇ ਕੋਈ ਹੋਵੇ, ਸ਼ਾਮਲ ਨਹੀਂ ਹੈ। ਗਾਰੰਟੀਸ਼ੁਦਾ ਵਾਧਿਆਂ ਦੀ ਪ੍ਰਤੀਸ਼ਤ ਚੁਣੇ ਗਏ ਵਾਰਸ਼ੀਕ੍ਰਿਤ# ਪ੍ਰੀਮੀਅਮ ਉੱਤੇ ਆਧਾਰਿਤ ਹੋਵੇਗੀ। ਇਹ ਗਾਰੰਟੀਸ਼ੁਦਾ ਵਾਧੇ ਪਾਲਸੀ ਦੀ ਮਿਆਦ ਪੂਰੀ ਹੋਣ ਤੇ ਬੀਮੇ ਦੀ ਮੂਲ ਰਕਮ ਦੇ ਨਾਲ ਜਾਂ ਬੀਮੇ ਵਾਲੇ ਵਿਅਕਤੀ ਦੀ ਛੇਤੀ ਮੌਤ ਹੋਣ ਤੇ ਮੌਤ ਤੇ ਮਿਲਣ ਵਾਲੀ ਬੀਮੇ ਦੀ ਰਕਮ ਦੇ ਨਾਲ ਦਿੱਤੇ ਜਾਣਗੇ।

ਗਾਰੰਟੀਸ਼ੁਦਾ ਵਾਧੇ ₹30,000 ਤੋਂ ਘੱਟ ਦੇ ਵਾਰਸ਼ੀਕ੍ਰਿਤ ਪ੍ਰੀਮੀਅਮ ਲਈ 5.5%* ਅਤੇ ₹30,000 ਤੋਂ ਵੱਧ ਜਾਂ ਬਰਾਬਰ ਦੇ ਵਾਰਸ਼ੀਕ੍ਰਿਤ ਪ੍ਰੀਮੀਅਮ ਲਈ 6.0%* ਹੋਣਗੇ।

ਦੂਜੇ ਸ਼ਬਦਾਂ ਵਿੱਚ, ਦਾਖ਼ਲੇ ਦੀ ਉਮਰ ਅਤੇ ਪ੍ਰੀਮੀਅਮ ਦੇ ਆਧਾਰ ਤੇ ਭਰੇ ਗਏ ਮੂਲ ਪ੍ਰੀਮੀਅਮਾਂ ਦਾ ਅੰਦਾਜ਼ਨ ਪ੍ਰਤੀਸ਼ਤ ਹੇਠਾਂ ਦਿੱਤਾ ਗਿਆ ਹੈ, ਜਿਸ ਦੀ ਪਰਿਪੱਕਤਾ ਤੇ ਗਾਰੰਟੀ ਹੈ :

| ਦਾਖ਼ਲੇ ਵੇਲੇ ਉਮਰ (ਸਾਲਾਂ ਵਿੱਚ) | ਪਰਿਪੱਕਤਾ ਲਾਭ ਭਰੇ ਗਏ ਮੂਲ ਪ੍ਰੀਮੀਅਮਾਂ ਦੇ % ਦੇ ਰੂਪ ਵਿੱਚ | |
|---|---|---|
| | ਵਾਰਸ਼ੀਕ੍ਰਿਤ ਪ੍ਰੀਮੀਅਮ (₹ ਵਿੱਚ ਅਤੇ ਲਾਗੂ ਕਰਾਂ ਨੂੰ ਛੱਡ ਕੇ) 12,000 - 29,000 ਲਈ | ਵਾਰਸ਼ੀਕ੍ਰਿਤ ਪ੍ਰੀਮੀਅਮ (₹ ਵਿੱਚ ਅਤੇ ਲਾਗੂ ਕਰਾਂ ਨੂੰ ਛੱਡ ਕੇ) 30,000 - 75,000 ਲਈ |
| 18 - 21 | 167% | 173% |
| 22 - 33 | 166% | 172% |
| 34 - 37 | 165% | 171% |
| 38 - 39 | 164% | 170% |
| 40 - 41 | 163% | 169% |
| 42 - 43 | 162% | 168% |
| 44 | 161% | 167% |
| 45 | 160% | 166% |
| 46 - 47 | 159% | 165% |
| 48 | 158% | 164% |
| 49 | 157% | 163% |
| 50 | 155% | 161% |

#ਵਾਰਸ਼ੀਕ੍ਰਿਤ ਪ੍ਰੀਮੀਅਮ ਪਾਲਿਸੀਧਾਰਕ ਦੁਆਰਾ ਚੁਣੇ ਗਏ ਇਕ ਪਾਲਿਸੀ ਸਾਲ ਵਿੱਚ ਭਰਿਆ ਜਾਣ ਵਾਲਾ ਪ੍ਰੀਮੀਅਮ ਹੋਵੇਗਾ, ਜਿਸ ਵਿੱਚ ਲਾਗੂ ਕਰ, ਅੰਡਰਰਾਈਟਿੰਗ ਵਾਧੂ ਪ੍ਰੀਮੀਅਮ ਅਤੇ ਮੋਡਲ ਪ੍ਰੀਮੀਅਮ ਲਈ ਲੋਡਿੰਗਜ਼, ਜੇ ਕੋਈ ਹੋਣ, ਸ਼ਾਮਲ ਨਹੀਂ ਹਨ।


*ਉੱਪਰ ਦੱਸੇ ਗਾਰੰਟੀਸ਼ੁਦਾ ਵਾਧੇ ਸਰਲ ਦਰ ਤੇ ਹਨ, ਨਾ ਕਿ ਚੱਕ੍ਰਵ੍ਰਿਧੀ ਦਰ ਤੇ।

## ਉਦਾਹਰਣ :

| | | |
|---|---|---|
| ਉਮਰ – 29 ਸਾਲ | ਪ੍ਰੀਮੀਅਮ ਭਰਨ ਦੀ ਮਿਆਦ (ਪੀਪੀਟੀ) – 7 ਸਾਲ | ਪਾਲਸੀ ਦੀ ਮਿਆਦ – 15 ਸਾਲ |
| ਵਾਰਸ਼ੀਕ੍ਰਿਤ ਪ੍ਰੀਮੀਅਮ – ₹ 30,000 ਸਾਲਾਨਾ | ਬੀਮੇ ਦੀ ਮੂਲ ਰਕਮ – ₹ 2,10,300 | ਵਕਫ਼ਾ – ਸਾਲਾਨਾ |

**ਪਰਿਪੱਕਤਾ ਮੁੱਲ^^** : ਬੀਮੇ ਦੀ ਮੂਲ ਰਕਮ + ਸੰਚਿਤ ਗਾਰੰਟੀਸ਼ੁਦਾ ਵਾਧੇ = ₹ 2,10,300 + ₹ 1,51,200 = ₹ 3,61,500

^^ਪਰਿਪੱਕਤਾ ਮੁੱਲ ਦੇ ਜ਼ਿਕਰ ਕੀਤੇ ਅੰਕੜੇ ਉਦਾਹਰਣ ਦੇਣ ਅਤੇ ਬੀਮੇ ਵਾਲੇ ਸਿਹਤਮੰਦ ਵਿਅਕਤੀ ਲਈ ਹਨ। ਲਾਭ ਉਮਰ ਅਤੇ ਵਾਰਸ਼ੀਕ੍ਰਿਤ ਪ੍ਰੀਮੀਅਮ ਬੈਂਡ ਦੇ ਆਧਾਰ ਤੇ ਬਦਲ ਸਕਦੇ ਹਨ।




## ਪਲਾਨ ਉੱਤੇ ਇੱਕ ਨਜ਼ਰ

| | | |
|---|---|---|
| **ਦਾਖ਼ਲੇ ਵੇਲੇ ਉਮਰ[1]** | **ਘੱਟੋ-ਘੱਟ :** 18 ਸਾਲ | **ਵੱਧ ਤੋਂ ਵੱਧ :** 50 ਸਾਲ |
| **ਪਰਿਪੱਕਤਾ ਵੇਲੇ ਵੱਧ ਤੋਂ ਵੱਧ ਉਮਰ[1]** | 65 ਸਾਲ | |
| **ਪਾਲਸੀ ਦੀ ਮਿਆਦ** | 15 ਸਾਲ | |
| **ਪ੍ਰੀਮੀਅਮ ਭਰਨ ਦੀ ਮਿਆਦ** | 7 ਸਾਲ | |
| **ਪ੍ਰੀਮੀਅਮ ਭਰਨ ਦਾ ਵਕਫ਼ਾ** | ਸਾਲਾਨਾ/ਮਾਸਿਕ<br>ਮਾਸਿਕ ਮੋਡ ਲਈ ਵਾਰਸ਼ੀਕ੍ਰਿਤ ਪ੍ਰੀਮੀਅਮ ਵਾਰਸ਼ੀਕ੍ਰਿਤ ਪ੍ਰੀਮੀਅਮ ਦੇ ਪ੍ਰਤੀਸ਼ਤ ਦੇ ਰੂਪ ਵਿੱਚ ਵਾਰਸ਼ੀਕ੍ਰਿਤ ਪ੍ਰੀਮੀਅਮ ਦਾ 8.50% ਹੈ। | |
| **ਵਾਰਸ਼ੀਕ੍ਰਿਤ ਪ੍ਰੀਮੀਅਮ (₹1,000 ਦੇ ਗੁਣਜਾਂ ਵਿੱਚ)** | **ਘੱਟੋ-ਘੱਟ ਪ੍ਰਤੀ ਪਾਲਸੀ** ₹12,000 | **ਵੱਧ ਤੋਂ ਵੱਧ ਪ੍ਰਤੀ ਜੀਵਨ ਸੀਮਾ** ₹75,000<br>ਵੱਧ ਤੋਂ ਵੱਧ ਪ੍ਰੀਮੀਅਮ ਬੋਰਡ ਦੁਆਰਾ ਮਨਜ਼ੂਰ ਕੀਤੀ ਅੰਡਰਰਾਈਟਿੰਗ ਪਾਲਸੀ ਅਨੁਸਾਰ ਹੋਵੇਗਾ। |
| **ਬੀਮੇ ਦੀ ਮੂਲ ਰਕਮ** | **ਘੱਟੋ-ਘੱਟ :** ₹75,120<br>(ਘੱਟੋ-ਘੱਟ ਪ੍ਰੀਮੀਅਮ ਉੱਤੇ ਆਧਾਰਿਤ) | **ਵੱਧ ਤੋਂ ਵੱਧ :** ₹5,28,000<br>(ਵੱਧ ਤੋਂ ਵੱਧ ਪ੍ਰੀਮੀਅਮ ਉੱਤੇ ਆਧਾਰਿਤ)<br>ਮੂਲ ਬੀਮੇ ਦੀ ਵੱਧ ਤੋਂ ਵੱਧ ਰਕਮ ਦੀ ਇਜਾਜ਼ਤ ਬੋਰਡ ਦੁਆਰਾ ਪ੍ਰਮਾਣਿਤ ਅੰਡਰਰਾਈਟਿੰਗ ਨੀਤੀ ਅਨੁਸਾਰ ਹੋਵੇਗੀ। |
| **ਮੌਤ ਤੋਂ ਬਾਅਦ ਲਾਭ (ਚਾਲੂ ਪਾਲਸੀਆਂ ਲਈ)** | ਮੌਤ ਹੋਣ ਤੇ ਬੀਮੇ ਦੀ ਰਕਮ ***ਜਮ੍ਹਾ*** ਸੰਚਿਤ ਗਾਰੰਟੀਸ਼ੁਦਾ ਵਾਧੇ^, ਜੇ ਕੋਈ ਹੋਣ,<br>ਜਿੱਥੇ ਮੌਤ ਹੋਣ ਤੇ ਬੀਮੇ ਦੀ ਰਕਮ ਬੀਮੇ ਦੀ ਮੂਲ ਰਕਮ ***ਜਾਂ*** ਸਾਲ ਦੇ ਪ੍ਰੀਮੀਅਮ ਦੇ 10 ਗੁਣਾ ***ਜਾਂ*** ਮੌਤ ਦੀ ਮਿਤੀ ਤੱਕ ਪ੍ਰਾਪਤ[$] ਹੋਏ ਕੁੱਲ ਪ੍ਰੀਮੀਅਮਾਂ ਦੇ 105% ਵਿੱਚੋਂ ਵੱਡੀ ਰਕਮ ਹੈ। | |
| **ਪਰਿਪੱਕਤਾ ਲਾਭ (ਚਾਲੂ ਪਾਲਸੀਆਂ ਲਈ)** | ਬੀਮੇ ਦੀ ਮੂਲ ਰਕਮ ***ਜਮ੍ਹਾ*** ਸੰਚਿਤ ਗਾਰੰਟੀਸ਼ੁਦਾ ਵਾਧੇ^, ਜੇ ਕੋਈ ਹੋਣ | |

[1]ਉਮਰ ਦੇ ਸਾਰੇ ਹਵਾਲੇ ਪਿਛਲੇ ਜਨਮ-ਦਿਨ ਵੇਲੇ ਉਮਰ ਹੈ।
[$]ਭਰੇ ਗਏ/ਪ੍ਰਾਪਤ ਹੋਏ ਕੁੱਲ ਪ੍ਰੀਮੀਅਮ ਮਤਲਬ ਪ੍ਰਾਪਤ ਹੋਏ ਸਾਰੇ ਪ੍ਰੀਮੀਅਮਾਂ ਦਾ ਕੁੱਲ ਜੋੜ, ਜਿਸ ਵਿੱਚ ਕੋਈ ਵੀ ਵਾਧੂ ਪ੍ਰੀਮੀਅਮ ਅਤੇ ਲਾਗੂ ਕਰ ਸ਼ਾਮਲ ਨਹੀਂ ਹਨ।

## ਛੋਟਾਂ ਦੀ ਮਨਾਹੀ

**ਸਮੇਂ-ਸਮੇਂ ਤੇ ਸੋਧੀ ਬੀਮਾ ਕਾਨੂੰਨ, 1938 ਦੀ ਧਾਰਾ 41 ਕਹਿੰਦੀ ਹੈ :**

1) ਕੋਈ ਵੀ ਵਿਅਕਤੀ, ਕਿਸੇ ਵੀ ਵਿਅਕਤੀ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿੱਚ ਭਾਰਤ ਵਿੱਚ ਜੀਵਨ ਜਾਂ ਜਾਇਦਾਦ ਸਬੰਧੀ ਕਿਸੇ ਵੀ ਤਰ੍ਹਾਂ ਦੇ ਜੋਖਮ ਦਾ ਬੀਮਾ ਕਰਵਾਉਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ ਕਿਸੇ ਤਰ੍ਹਾਂ ਦਾ ਲਾਲਚ ਨਹੀਂ ਦੇਵੇਗਾ ਜਾਂ ਪੇਸ਼ ਨਹੀਂ ਕਰੇਗਾ, ਭਾਵੇਂ ਇਹ ਮਿਲਣ ਵਾਲੇ ਕਮਿਸ਼ਨ ਦੇ ਪੂਰੇ ਜਾਂ ਇਕ ਹਿੱਸੇ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਜਾਂ ਪਾਲਸੀ ਉੱਤੇ ਵਿਖਾਏ ਗਏ ਪ੍ਰੀਮੀਅਮ ਉੱਤੇ ਛੂਟ ਦੇ ਰੂਪ ਵਿੱਚ ਹੋਵੇ ਅਤੇ ਨਾ ਹੀ ਕੋਈ ਵਿਅਕਤੀ ਪਾਲਸੀ ਲੈਣ ਜਾਂ ਨਵਿਆਉਣ ਜਾਂ ਜਾਰੀ ਰੱਖਣ ਲਈ, ਸਿਰਫ਼ ਉਸ ਛੂਟ ਨੂੰ ਛੱਡ ਕੇ ਕੋਈ ਹੋਰ ਛੋਟ ਸਵੀਕਾਰ ਕਰੇਗਾ, ਜੋ ਛਪੀ ਹੋਈ ਪ੍ਰਾਸਪੈਕਟਸ ਜਾਂ ਬੀਮਾਕਰਤਾ ਦੀ ਸੂਚੀ ਅਨੁਸਾਰ ਦਿੱਤੀ ਜਾ ਸਕਦੀ ਹੋਵੇ।
2) ਅਜਿਹਾ ਕੋਈ ਵੀ ਵਿਅਕਤੀ ਜੋ ਇਸ ਧਾਰਾ ਦੀਆਂ ਸ਼ਰਤਾਂ ਉੱਤੇ ਅਮਲ ਕਰਨ ਵਿੱਚ ਅਣਗਹਿਲੀ ਕਰਦਾ ਹੈ, ਉਹ ਦੰਡ ਦਾ ਪਾਤਰ ਹੋਵੇਗਾ, ਜੋ ਦਸ ਲੱਖ ਰੁਪਏ ਤਕ ਹੋ ਸਕਦਾ ਹੈ।


**Toll-free No.:** 1800 267 9090 | SMS ‘**LIBERATE**’ to 56161 | **Email:** info@sbilife.co.in | **Web:** www.sbilife.co.in
(Between 9.00 am & 9.00 pm)


ਐਸਬੀਆਈ ਲਾਈਫ਼ – ਨਿਊ ਸਮਾਰਟ ਸਮ੍ਰਿੱਧੀ ਇਕ ਵਿਅਕਤੀਗਤ, ਨੌਨ-ਲਿੰਕਡ, ਨੌਨ-ਪਾਰਟੀਸਿਪੇਟਿੰਗ, ਲਾਈਫ਼ ਇੰਸ਼ੋਰੈਂਸ ਸੇਵਿੰਗਜ਼ ਪ੍ਰੋਡਕਟ ਹੈ।

**ਨਕਲੀ ਫੋਨ ਕਾਲਾਂ ਅਤੇ ਕਾਲਪਨਿੱਕ ਅਤੇ ਧੋਖਾਧੜੀ ਵਾਲੀਆਂ ਪੇਸ਼ਕਸ਼ਾਂ ਤੋਂ ਸਾਵਧਾਨ ਰਹੋ :**
IRDAI ਬੀਮਾ ਪਾਲਸੀਆਂ ਦੀ ਵਿੱਕਰੀ, ਬੋਨਸ ਦੀ ਘੋਸ਼ਣਾ ਜਾਂ ਪ੍ਰੀਮਿਅਮਾਂ ਦੇ ਨਿਵੇਸ਼ ਵਰਗੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਨਹੀਂ ਹੈ। ਅਜਿਹੀਆਂ ਕਾਲਾਂ ਪ੍ਰਾਪਤ ਕਰਨ ਵਾਲੀ ਜਨਤਾ ਨੂੰ ਪੁਲਿਸ ਕੋਲ ਸ਼ਿਕਾਇਤ ਦਰਜ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।


ਜੋਖਮ ਤੱਤਾਂ, ਨਿਯਮਾਂ ਅਤੇ ਸ਼ਰਤਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਵਿਕਰੀ ਪੂਰੀ ਹੋਣ ਤੋਂ ਪਹਿਲਾਂ ਸੇਲਜ਼ ਬ੍ਰੋਸ਼ਰ ਧਿਆਨ ਨਾਲ ਪੜ੍ਹੋ। ਉੱਪਰ ਵਿਖਾਇਆ ਗਿਆ ਟਰੇਡ ਲੋਗੋ ਭਾਰਤੀ ਸਟੇਟ ਬੈਂਕ ਦੀ ਸੰਪੱਤੀ ਹੈ ਅਤੇ ਐਸਬੀਆਈ ਲਾਈਫ਼ ਦੁਆਰਾ ਲਾਈਸੈਂਸ ਅਧੀਨ ਵਰਤਿਆ ਗਿਆ ਹੈ। ਐਸਬੀਆਈ ਲਾਈਫ਼ ਇੰਸ਼ੋਰੈਂਸ ਕੰਪਨੀ ਲਿਮਿਟੇਡ, ਰਜਿਸਟਰਡ ਅਤੇ ਕਾਰਪੋਰੇਟ ਦਫ਼ਤਰ : ਨਟਰਾਜ, ਐਮ. ਵੀ. ਰੋਡ ਅਤੇ ਵੈਸਟਰਨ ਐਕਸਪ੍ਰੈਸ ਹਾਈਵੇ ਜੰਕਸ਼ਨ, ਅੰਧੇਰੀ (ਪੂਰਬ), ਮੁੰਬਈ– 400069. **IRDAI ਰਜਿਸਟ੍ਰੇਸ਼ਨ ਨੰਬਰ 111** I CIN : L99999MH2000PLC129113.
NW/2P/ver1/02/22/SP/PUN